ਵਿਸ਼ਾ ਪੰਜਾਬੀ ਜਮਾਤ ਨੌਵੀਂ ਸਾਲ ਅਪ੍ਰੈਲ 2020

## ਕਵਿਤਾ ਭਾਗ ( ਪ੍ਰਸੰਗ ਸਹਿਤ ਵਿਆਖਿਆ ਅਤੇ ਕੇਂਦਰੀ ਭਾਵ)

### ਭਾਈ ਵੀਰ ਸਿੰਘ

### 1. ਸਮਾਂ




(ੳ) ਰਹੀ ਵਾਸਤੇ ਘੱਤ............ ਟੱਪ ਬੰਨੇ ਬੰਨੀ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ 'ਭਾਈ ਵੀਰ ਸਿੰਘ' ਦੀ ਕਵਿਤਾ 'ਸਮਾਂ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਭਾਈ ਸਾਹਿਬ ਨੇ ਸਮੇਂ ਦੇ ਸਦਾ ਚੱਲਣ ਵਾਲੇ ਸੁਭਾਅ ਨੂੰ ਬਿਆਨ ਕੀਤਾ ਹੈ। ਇਨ੍ਹਾਂ ਸਤਰਾਂ ਵਿੱਚ ਭਾਈ ਸਾਹਿਬ ਸਪੱਸ਼ਟ ਕਰਦੇ ਹਨ ਕਿ ਸਮੇਂ ਨੂੰ ਕਿਸੇ ਹੀਲੇ ਵੀ ਤੁਰਨ (ਬੀਤਣ) ਤੋਂ ਰੋਕਿਆ ਨਹੀਂ ਜਾ ਸਕਦਾ।

ਵਿਆਖਿਆ :- ਭਾਈ ਸਾਹਿਬ ਇਸਤਰੀ ਰੂਪ ਵਿੱਚ ਫਰਮਾਉਂਦੇ ਹਨ ਕਿ ਉਹ ਸਮੇਂ ਦੇ ਅੱਗੇ ਤਰਲੇ ਕਰ-ਕਰ ਕੇ ਥੱਕ ਗਈ ਕਿ ਉਹ ਨਾ ਜਾਵੇ, ਪਰ ਉਸ ਨੇ ਇੱਕ ਨਾ ਮੰਨੀ। ਉਸ ਨੇ ਉਸ ਨੂੰ ਫੜ-ਫੜ ਕੇ ਆਪਣੇ ਵੱਲ ਖਿੱਚਿਆ ਪਰ ਉਹ ਪੱਲਾ ਛੁਡਾ ਕੇ ਖਿਸਕ ਗਿਆ। ਉਹ ਉਸ ਨੂੰ ਕਿਸੇ ਹੀਲੇ ਨਾਲ ਵੀ ਰੋਕ ਨਾ ਸਕੀ। ਉਸ ਨੇ ਉਸ ਦੇ ਰਸਤੇ ਵਿੱਚ ਜਿਹੜੀ ਵੀ ਰੁਕਾਵਟ ਪਾਈ, ਉਹ ਉਸ ਨੂੰ ਭੰਨ ਤੋੜ ਕੇ ਅੱਗੇ ਲੰਘ ਗਿਆ। ਇਸ ਪ੍ਰਕਾਰ ਉਹ ਆਪਣੀ ਤਿੱਖੀ ਚਾਲ

ਨਾਲ ਸਭ ਛੋਟੀਆਂ-ਮੋਟੀਆਂ ਰੁਕਾਵਟਾਂ ਨੂੰ ਚੀਰਦਾ ਹੋਇਆ ਅੱਗੇ ਹੀ ਅੱਗੇ ਤੁਰਦਾ ਗਿਆ। ਅਰਥਾਤ ਮਨੁੱਖ ਸਮੇਂ ਨੂੰ ਕਿਸੇ ਹੀਲੇ ਵੀ ਫੜ ਕੇ ਜਾਂ ਕਾਬੂ ਕਰਕੇ ਨਹੀਂ ਰੱਖ ਸਕਦਾ। ਇਹ ਬੜੀ ਤੇਜ਼ੀ ਨਾਲ ਬੀਤਦਾ ਜਾਂਦਾ ਹੈ, ਇਸ ਕਰਕੇ ਜਿਹੜਾ ਵਰਤਮਾਨ ਸਮਾਂ ਹੱਥ ਵਿੱਚ ਹੋਵੇ ਉਸ ਨੂੰ ਸ਼ੁੱਭ ਕੰਮਾਂ ਵਿੱਚ ਲਾ ਕੇ ਸਫ਼ਲ ਕਰਨਾ ਚਾਹੀਦਾ ਹੈ।

(ਅ) ਹੇ ਅਜੇ ਸੰਭਲ......... ਮੁੜ ਕੇ ਆਂਵਦਾ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ 'ਭਾਈ ਵੀਰ ਸਿੰਘ' ਦੀ ਕਵਿਤਾ 'ਸਮਾਂ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਭਾਈ ਸਾਹਿਬ ਨੇ ਸਮੇਂ ਦੇ ਸਦਾ ਚੱਲਣ ਵਾਲੇ ਸੁਭਾਅ ਨੂੰ ਬਿਆਨ ਕੀਤਾ ਹੈ। ਇਨ੍ਹਾਂ ਸਤਰਾਂ ਵਿੱਚ ਭਾਈ ਸਾਹਿਬ ਮਨੁੱਖ ਨੂੰ ਵਰਤਮਾਨ ਸਮੇਂ ਨੂੰ ਸ਼ੁੱਭ ਕਰਮਾਂ ਦੁਆਰਾ ਸਫ਼ਲ ਕਰਨ ਦਾ ਉਪਦੇਸ਼ ਦਿੰਦੇ ਹਨ।

ਵਿਆਖਿਆ :- ਭਾਈ ਸਾਹਿਬ ਫ਼ਰਮਾਉਂਦੇ ਹਨ ਕਿ ਹੇ ਮਨੁੱਖ ! ਤੂੰ ਅਜੇ ਵੀ ਸਮੇਂ ਦੀ ਸੰਭਾਲ ਕਰ। ਤੂੰ ਵਰਤਮਾਨ ਸਮੇਂ ਨੂੰ, ਜਿਹੜਾ ਕਿ ਤੇਰੇ ਹੱਥ ਵਿੱਚ ਹੈ। ਰੱਬੀ ਪ੍ਰੇਮ, ਸਤਿਸੰਗਤ ਤੇ ਸ਼ੁਭ ਕਰਮਾਂ ਵਿੱਚ ਲਾ ਕੇ ਸਫ਼ਲ ਕਰ। ਇਹ ਤੇਰੇ ਹੱਥੋਂ ਬੜੀ ਤੇਜ਼ੀ ਨਾਲ ਨਿਕਲਦਾ ਜਾ ਰਿਹਾ ਹੈ। ਇਹ ਠਹਿਰਨ ਦਾ ਤਰੀਕਾ ਨਹੀਂ ਜਾਣਦਾ ਅਤੇ ਜੇਕਰ ਇਹ ਇੱਕ ਵਾਰ ਚਲਾ ਜਾਵੇ, ਤਾਂ ਮੁੜ ਕੇ ਵਾਪਸ ਨਹੀਂ ਆਉਂਦਾ। ਇਸੇ ਕਰਕੇ ਤੈਨੂੰ ਵਰਤਮਾਨ ਸਮੇਂ ਨੂੰ ਸਫ਼ਲ ਬਣਾਉਣ ਲਈ ਹਰ ਸਮੇਂ ਸ਼ੁੱਭ ਕਰਮ ਕਰਦੇ ਰਹਿਣਾ ਚਾਹੀਦਾ ਹੈ।

## 2. ਬਿਨਫਸ਼ਾਂ ਦਾ ਫੁੱਲ



(ੳ) ਮੇਰੀ ਛਿਪੀ ਰਜੇ.................. ਆਯਾ ਜਗਤ ਤੇ।

ਪ੍ਰਸੰਗ :- ਇਹ ਕਾਵਿ ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਭਾਈ ਵੀਰ ਸਿੰਘ ਦੀ ਲਿਖੀ ਹੋਈ ਕਵਿਤਾ 'ਬਿਨਫਸ਼ਾ ਦਾ ਫੁੱਲ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਭਾਈ ਸਾਹਿਬ ਨੇ ਪ੍ਰਭੂ ਪ੍ਰੇਮ ਵਿਚ ਰੰਗੇ ਇੱਕ ਸਾਧਕ ਦੀ ਅਵਸਥਾ ਨੂੰ ਬਿਆਨ ਕਰਦੇ ਹੋਏ ਦੱਸਿਆ ਹੈ ਕਿ ਉਹ ਦੁਨੀਆ ਵਿੱਚ ਆਪਣੀ ਹੋਂਦ ਦਾ ਪ੍ਰਗਟਾਵਾ ਨਹੀਂ ਕਰਨਾ ਚਾਹੁੰਦਾ, ਪਰ ਉਸ ਦੀ ਇਹ ਇੱਛਾ ਪੂਰੀ ਨਹੀਂ ਹੁੰਦੀ। ਇਹ ਕਵਿਤਾ ਭਾਈ ਸਾਹਿਬ ਦੀ ਆਪਣੀ ਸ਼ਖ਼ਸੀਅਤ ਦੀ ਲਖਾਇਕ ਹੈ। ਇਸ ਵਿੱਚ ਭਾਈ ਸਾਹਿਬ ਨੇ ਪ੍ਰੀਤਮ ਦੇ ਪਿਆਰ ਵਿੱਚ ਮਸਤ ਇੱਕ ਸਾਧਕ ਨੂੰ ਬਨਫਸ਼ੇ ਦੇ ਇੱਕ ਫੁੱਲ ਦੇ ਚਿੰਨ੍ਹ ਦੇ ਰੂਪ ਵਿੱਚ ਪੇਸ਼ ਕੀਤਾ ਹੈ।

ਵਿਆਖਿਆ :- ਭਾਈ ਸਾਹਿਬ ਬਨਫਸ਼ੇ ਦੇ ਫੁੱਲ ਦਾ ਮਾਨਵੀਕਰਨ ਕਰਦੇ ਹੋਏ ਉਸ ਦੇ ਮੂੰਹ ਅਖਵਾਉਂਦੇ ਹਨ," ਮੇਰੀ ਇੱਛਾ ਇਹ ਹੈ ਕਿ ਮੇਰੀ ਗੁਲਜ਼ਾਰ ਛਿਪੀ ਹੀ ਰਹੇ। ਇਸੇ ਕਾਰਨ ਹੀ ਮੈਂ ਪਰਬਤ ਵਿੱਚ ਨੀਵੀਂ ਜਗ੍ਹਾ ਤੇ ਲੁਕ ਕੇ ਉੱਗਿਆ ਹਾਂ। ਮੈਂ ਇਹ ਨਹੀਂ ਚਾਹੁੰਦਾ ਕਿ ਮੇਰੀ ਖ਼ੂਬਸੂਰਤੀ ਨੂੰ ਕਿਸੇ ਦੀ ਬੁਰੀ ਨਜ਼ਰ ਲੱਗ ਜਾਵੇ। ਮੈਂ ਆਕਾਸ਼ ਪਾਸੋਂ ਰੰਗ ਲਿਆ ਹੈ, ਜੋ ਕਿ ਬਹੁਤ ਭੜਕੀਲਾ ਨਹੀਂ। ਮੈਂ ਤਾਂ ਸੰਸਾਰ ਵਿੱਚ ਧੁਰੋਂ ਹੀ ਗ਼ਰੀਬੀ ਲੈ ਕੇ ਆਇਆ ਹਾਂ ਅਰਥਾਤ ਨਿਮਾਣਾ ਬਣ ਕੇ ਆਇਆ ਹਾਂ, ਤਾਂ ਜੋ ਮੈਂ ਕਿਸੇ ਦੇ ਧਿਆਨ ਦਾ ਕੇਂਦਰ ਨਾ ਬਣਾ।

(ਅ) ਮੈਂ ਪੀਆ ਅਰਸ਼.................. ਵਾਜ ਨਾ ਕੱਢਦਾ।

ਪ੍ਰਸੰਗ :- ਇਹ ਕਾਵਿ ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਭਾਈ ਵੀਰ ਸਿੰਘ ਦੀ ਲਿਖੀ ਹੋਈ ਕਵਿਤਾ 'ਬਿਨਫਸ਼ਾ ਦਾ ਫੁੱਲ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਭਾਈ ਸਾਹਿਬ ਨੇ ਪ੍ਰਭੂ ਪ੍ਰੇਮ ਵਿਚ ਰੰਗੇ ਇੱਕ ਸਾਧਕ ਦੀ ਅਵਸਥਾ ਨੂੰ ਬਿਆਨ ਕਰਦੇ ਹੋਏ ਦੱਸਿਆ ਹੈ ਕਿ ਉਹ ਦੁਨੀਆ ਵਿੱਚ ਆਪਣੀ ਹੋਂਦ ਦਾ ਪ੍ਰਗਟਾਵਾ ਨਹੀਂ ਕਰਨਾ ਚਾਹੁੰਦਾ, ਪਰ ਉਸ ਦੀ ਇਹ ਇੱਛਾ ਪੂਰੀ ਨਹੀਂ ਹੁੰਦੀ। ਇਹ ਕਵਿਤਾ ਭਾਈ ਸਾਹਿਬ ਦੀ ਆਪਣੀ ਸ਼ਖ਼ਸੀਅਤ ਦੀ ਲਖਾਇਕ ਹੈ। ਇਸ ਵਿੱਚ ਭਾਈ ਸਾਹਿਬ ਨੇ ਪ੍ਰੀਤਮ ਦੇ ਪਿਆਰ ਵਿੱਚ ਮਸਤ ਇੱਕ ਸਾਧਕ ਨੂੰ ਬਨਫਸ਼ੇ ਦੇ ਇੱਕ ਫੁੱਲ ਦੇ ਚਿੰਨ੍ਹ ਦੇ ਰੂਪ ਵਿੱਚ ਪੇਸ਼ ਕੀਤਾ ਹੈ।


ਵਿਆਖਿਆ :- ਬਨਫਸ਼ੇ ਦਾ ਫੁੱਲ ਆਪਣੀ ਛੁਪੇ ਰਹਿਣ ਦੀ ਇੱਛਾ ਨੂੰ ਪ੍ਰਗਟ ਕਰਦਾ ਹੋਇਆ ਕਹਿੰਦਾ ਹੈ ਕਿ ਮੈਂ ਬੜਾ ਸਾਦਾ ਜੀਵਨ ਜਿਉਂਦਾ ਹਾਂ ਤੇ ਨਿਰਮਾਣਤਾ ਨਾਲ ਰਹਿੰਦਾ ਹਾਂ। ਉਹ ਕਹਿੰਦਾ ਹੈ ਕਿ ਮੈਂ ਅਰਸ਼ ਤੋਂ ਤ੍ਰੇਲ ਲੈ ਕੇ ਪੀਂਦਾ ਹਾਂ ਅਤੇ ਕਿਰਨਾ ਖਾ ਕੇ ਪਲਦਾ ਹਾਂ। ਮੈਂ ਸਾਰੀ ਰਾਤ ਚੰਦ ਦੀ ਚਾਨਣੀ ਨਾਲ ਖੇਡਦਾ ਹਾਂ। ਮੈਂ ਆਪਣੇ ਆਪ ਵਿੱਚ ਮਸਤ ਰਹਿੰਦਾ ਹਾਂ ਤੇ ਆਪਣੀ ਖ਼ੁਸ਼ਬੂ ਵਿੱਚ ਮਗਨ ਰਹਿੰਦਾ ਹਾਂ। ਮੈਂ ਦਿਨ ਵੇਲੇ ਭੌਰੇ ਨਾਲ ਮਿਲਣੋਂ ਵੀ ਸੰਗਦਾ ਹਾਂ। ਜਿਸ ਸਮੇਂ ਹਵਾ ਸ਼ੋਖੀ ਨਾਲ ਮੇਰੇ ਗਲ ਨਾਲ ਲੱਗਦੀ ਹੈ, ਤਾਂ ਮੈਂ ਨਾ ਧੌਣ ਹਿਲਾਉਂਦਾ ਹਾਂ ਤੇ ਨਾ ਹੀ ਮੂੰਹ ਤੋਂ ਆਵਾਜ਼ ਕੱਢਦਾ ਹਾਂ ਅਰਥਾਤ ਮੈਂ ਬੜਾ ਨਿਰਮਾਣਤਾ ਭਰਿਆ ਤੇ ਆਪਣੇ ਆਪ ਨੂੰ ਜ਼ਾਹਰ ਨਾ ਕਰਨ ਵਾਲਾ ਜੀਵਨ ਗੁਜ਼ਾਰਦਾ ਹਾਂ।

(ੲ) ਹੋ ਫਿਰ ਵੀ............. ਤਰਲੇ ਲੈ ਰਿਹਾ।

ਪ੍ਰਸੰਗ :- ਇਹ ਕਾਵਿ ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਭਾਈ ਵੀਰ ਸਿੰਘ ਦੀ ਲਿਖੀ ਹੋਈ ਕਵਿਤਾ 'ਬਿਨਫਸ਼ਾ ਦਾ ਫੁੱਲ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਭਾਈ ਸਾਹਿਬ ਨੇ ਪ੍ਰਭੂ ਪ੍ਰੇਮ ਵਿਚ ਰੰਗੇ ਇੱਕ ਸਾਧਕ ਦੀ ਅਵਸਥਾ ਨੂੰ ਬਿਆਨ ਕਰਦੇ ਹੋਏ ਦੱਸਿਆ ਹੈ ਕਿ ਉਹ ਦੁਨੀਆ ਵਿੱਚ ਆਪਣੀ ਹੋਂਦ ਦਾ ਪ੍ਰਗਟਾਵਾ ਨਹੀਂ ਕਰਨਾ ਚਾਹੁੰਦਾ, ਪਰ ਉਸ ਦੀ ਇਹ ਇੱਛਾ ਪੂਰੀ ਨਹੀਂ ਹੁੰਦੀ। ਇਹ ਕਵਿਤਾ ਭਾਈ ਸਾਹਿਬ ਦੀ ਆਪਣੀ ਸ਼ਖ਼ਸੀਅਤ ਦੀ ਲਖਾਇਕ ਹੈ। ਇਸ ਵਿੱਚ ਭਾਈ ਸਾਹਿਬ ਨੇ ਪ੍ਰੀਤਮ ਦੇ ਪਿਆਰ ਵਿੱਚ ਮਸਤ ਇੱਕ ਸਾਧਕ ਨੂੰ ਬਨਫਸ਼ੇ ਦੇ ਇੱਕ ਫੁੱਲ ਦੇ ਚਿੰਨ੍ਹ ਦੇ ਰੂਪ ਵਿੱਚ ਪੇਸ਼ ਕੀਤਾ ਹੈ।

ਵਿਆਖਿਆ :- ਭਾਈ ਸਾਹਿਬ ਬਨਫਸ਼ੇ ਦੇ ਫੁੱਲ ਦਾ ਮਾਨਵੀਕਰਨ ਕਰਦੇ ਹੋਏ ਉਸ ਦੇ ਮੂੰਹੋਂ ਅਖਵਾਉਂਦੇ ਹਨ,"ਮੇਰੀ ਇਹ ਇੱਛਾ ਹੈ ਕਿ ਮੇਰੀ ਹੋਂਦ ਦਾ ਕਿਸੇ ਨੂੰ ਕੁਝ ਪਤਾ ਨਾ ਲੱਗੇ ਤੇ ਮੈਂ ਲੁਕ-ਛਿਪ ਕੇ ਆਪਣੇ ਪ੍ਰੀਤਮ ਦੇ ਪਿਆਰ ਵਿੱਚ ਮਸਤ ਰਹਿੰਦਾ ਹੋਇਆ ਜੀਵਨ ਗੁਜ਼ਾਰਨਾ ਚਾਹੁੰਦਾ ਹਾਂ। ਪਰ ਹਾਇ ਵਿਛੋੜਨ ਵਾਲਿਓ ! ਮੈਨੂੰ ਫਿਰ ਵੀ ਤੋੜ ਦਿੱਤਾ ਜਾਂਦਾ ਹੈ, ਕਿਉਂਕਿ ਮੇਰੀ ਭਿੰਨੀ ਖ਼ੁਸ਼ਬੂ ਕਿਸੇ ਤਰ੍ਹਾਂ ਵੀ ਛਿਪ ਨਹੀਂ ਸਕਦੀ। ਮੇਰੀ ਚਾਹ ਇਹੋ ਹੀ ਹੈ ਕਿ ਮੈਂ ਛਿਪਿਆ ਹੀ ਰਹਾਂ ਤੇ ਛਿਪਿਆ ਹੀ ਇਸ ਦੁਨੀਆਂ ਤੋਂ ਚਲਾ ਜਾਵਾਂ। ਇਸ ਲਈ ਮੈਂ ਤਰਲੇ ਕਰ ਰਿਹਾ ਹਾਂ; ਪਰ ਮੇਰੀ ਇਹ ਚਾਹ ਪੂਰੀ ਨਹੀਂ ਹੁੰਦੀ।" ਭਾਵ ਪ੍ਰਭੂ ਪ੍ਰੇਮ ਵੱਲ ਜੁੜੇ ਜਗਿਆਸੂ ਦੀ ਵਡਿਆਈ ਛਿਪੀ ਨਹੀਂ ਰਹਿੰਦੀ; ਇਸ ਕਰਕੇ ਉਸ ਦੀ ਆਪਣੀ ਹੋਂਦ ਨੂੰ ਜ਼ਾਹਰ ਨਾ ਕਰਨ ਦੀ ਇੱਛਾ ਪੂਰੀ ਨਹੀਂ ਹੁੰਦੀ।

## 3. ਟੁਕੜੀ ਜੱਗ ਤੋਂ ਨਿਆਰੀ



(ੳ) ਅਰਸ਼ਾਂ ਦੇ ਵਿਚ.............ਮੁੱਠੀ ਵਿਚ ਸਾਰੇ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਭਾਈ ਵੀਰ ਸਿੰਘ ਦੀ ਲਿਖੀ ਹੋਈ ਕਵਿਤਾ 'ਟੁਕੜੀ ਜਗ ਤੋਂ ਨਯਾਰੀ ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਭਾਈ ਸਾਹਿਬ ਕਸ਼ਮੀਰ ਦੀ ਕੁਦਰਤੀ ਸੁੰਦਰਤਾ ਵਿੱਚ

ਅਰਸ਼ੀ ਸੁੰਦਰਤਾ ਦਾ ਝਲਕਾਰਾ ਵੇਖਦੇ ਹਨ। ਇਨ੍ਹਾਂ ਸਤਰਾਂ ਵਿੱਚ ਭਾਈ ਸਾਹਿਬ ਇਹ ਬਿਆਨ ਕਰਦੇ ਹਨ ਕਿ ਕੁਦਰਤ ਦੀ ਦੇਵੀ ਨੇ ਕਿਸ ਪ੍ਰਕਾਰ ਕਸ਼ਮੀਰ ਦੀ ਸਿਰਜਣਾ ਲਈ ਹੁਸਨ-ਮੰਡਲ ਵਿੱਚ ਖੇਡਦਿਆਂ ਕੁਦਰਤੀ ਦ੍ਰਿਸ਼ਾਂ ਤੇ ਸੁੰਦਰਤਾ ਨੂੰ ਆਪਣੀ ਮੁੱਠ ਵਿੱਚ ਭਰ ਲਿਆ।

ਵਿਆਖਿਆ :- ਭਾਈ ਸਾਹਿਬ ਲਿਖਦੇ ਹਨ ਕਿ ਮੈਨੂੰ ਅਸਮਾਨਾਂ ਵਿੱਚ ਕੁਦਰਤੀ ਦੇਵੀ ਦਿਖਾਈ ਦਿੱਤੀ। ਉਹ ਆਕਾਸ਼ ਦੇ ਹੁਸਨ-ਮੰਡਲ ਵਿੱਚ ਖੇਡ ਰਹੀ ਸੀ ਤੇ ਉਸ ਨੇ ਖ਼ੁਸ਼ੀਆਂ ਦੀ ਵਰਖਾ ਲਾਈ ਹੋਈ ਸੀ। ਉਸ ਨੇ ਦੌੜ ਕੇ ਹੁਸਨ-ਮੰਡਲ ਵਿੱਚੋਂ ਇੱਕ ਮੁੱਠ ਭਰ ਲਈ। ਇਸ ਮੁੱਠ ਵਿੱਚ ਕੀ-ਕੀ ਸੀ ? ਇਸ ਵਿੱਚ ਪਰਬਤ, ਟਿੱਬੇ, ਕਰੇਵੇ, ਸੋਹਣੇ ਮੈਦਾਨ, ਚਸ਼ਮੇ, ਨਾਲੇ, ਨਦੀਆਂ, ਨਿੱਕੇ ਸਮੁੰਦਰਾਂ ਵਰਗੀਆਂ ਝੀਲਾਂ, ਠੰਢੀਆਂ ਛਾਵਾਂ, ਮਿੱਠੀਆਂ ਹਵਾਵਾਂ, ਬਾਗ਼ਾਂ ਵਰਗੇ ਸੋਹਣੇ ਜੰਗਲ, ਬਰਫ਼ਾਂ, ਮੀਂਹ, ਧੁੱਪਾਂ, ਬੱਦਲ, ਰੁੱਤਾਂ ਤੇ ਪਿਆਰੇ ਮੇਵੇ ਸਨ। ਇਨ੍ਹਾਂ ਦੇ ਨਾਲ ਹੀ ਉਸ ਮੁੱਠੀ ਵਿੱਚ ਹੋਰ ਸਾਰੇ ਦੇ ਸਾਰੇ ਅਸਮਾਨੀ ਨਜ਼ਾਰੇ ਵੀ ਆ ਗਏ।

(ਅ) ਸੁਹਣੀ ਨੇ ਅਸਮਾਨ...............ਜੱਗ ਤੋਂ ਨਯਾਰੀ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਭਾਈ ਵੀਰ ਸਿੰਘ ਦੀ ਲਿਖੀ ਹੋਈ ਕਵਿਤਾ 'ਟੁਕੜੀ ਜਗ ਤੋਂ ਨਯਾਰੀ ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਭਾਈ ਸਾਹਿਬ ਕਸ਼ਮੀਰ ਦੀ ਕੁਦਰਤੀ ਸੁੰਦਰਤਾ ਵਿੱਚ ਅਰਸ਼ੀ ਸੁੰਦਰਤਾ ਦਾ ਝਲਕਾਰਾ ਵੇਖਦੇ ਹਨ। ਇਨ੍ਹਾਂ ਸਤਰਾਂ ਵਿੱਚ ਭਾਈ ਸਾਹਿਬ ਦੱਸਦੇ ਹਨ ਕਿ ਕਿਸ ਤਰ੍ਹਾਂ ਕੁਦਰਤ ਨੇ ਆਪਣੀ ਮੁੱਠ ਵਿੱਚ ਕੁਦਰਤੀ ਨਜ਼ਾਰੇ ਭਰ ਕੇ ਅਸਮਾਨ ਵਿੱਚੋਂ ਧਰਤੀ ਵੱਲ ਸੁੱਟੇ ਅਤੇ ਕਸ਼ਮੀਰ ਦੀ ਸਿਰਜਣਾ ਕੀਤੀ।

ਵਿਆਖਿਆ :- ਸੋਹਣੀ ਮੁਟਿਆਰ ਰੂਪ ਕੁਦਰਤ ਨੇ ਅਸਮਾਨ ਵਿੱਚ ਖੜੀ ਹੋ ਕੇ ਧਰਤੀ ਵੱਲ ਤੱਕਿਆ। ਉਸ ਨੇ ਹੇਠਾਂ ਵੱਲ ਦੇਖ ਕੇ ਉਹ ਮੁਠ ਖੋਲ੍ਹੀ, ਜਿਸ ਵਿੱਚ ਉਸਨੇ ਹੁਸਨ-ਮੰਡਲ ਵਿੱਚੋਂ ਕੁਦਰਤੀ ਨਜ਼ਾਰੇ ਭਰੇ ਸਨ। ਇਸ ਤਰ੍ਹਾਂ ਉਸ ਨੇ ਸਭ ਕੁਝ ਹੇਠਾਂ ਸੁੱਟ ਦਿੱਤਾ। ਧਰਤੀ ਉੱਤੇ ਜਿਸ ਸਥਾਨ ਤੇ ਆ ਕੇ ਇਹ ਸਾਰੀ ਮੁੱਠੀ ਡਿੱਗੀ ਉੱਥੇ ਕਸ਼ਮੀਰ ਬਣ ਗਿਆ, ਜੋ ਕਿ ਅੱਜ ਪਰਬਤਾਂ , ਟਿੱਬਿਆ, ਕਰੇਵਿਆ, ਸੋਹਣੇ ਮੈਦਾਨਾਂ, ਚਸ਼ਮਿਆ, ਨਦੀਆਂ, ਨਿੱਕੇ ਸਮੁੰਦਰਾਂ ਵਰਗੀਆਂ ਝੀਲਾਂ, ਠੰਢੀਆਂ ਛਾਵਾਂ, ਮਿੱਠੀਆਂ ਹਵਾਵਾਂ, ਬਾਗ਼ਾਂ ਵਰਗੇ ਸੋਹਣੇ ਜੰਗਲ, ਬਰਫ਼ਾਂ, ਮੀਂਹ, ਧੁੱਪਾਂ ਤੇ ਬੱਦਲਾਂ ਨਾਲ ਭਰਪੂਰ ਜੱਗ ਵਿੱਚ ਸਭ ਤੋਂ ਨਿਆਰੀ ਧਰਤੀ ਦੀ ਇਹ ਟੁਕੜੀ ਹੈ।


(ੲ) ਹੈ ਧਰਤੀ ਪਰ ਛੋਹ................ਦੀ ਚਸਕੇ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਭਾਈ ਵੀਰ ਸਿੰਘ ਦੀ ਲਿਖੀ ਹੋਈ ਕਵਿਤਾ 'ਟੁਕੜੀ ਜਗ ਤੋਂ ਨਯਾਰੀ ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਭਾਈ ਸਾਹਿਬ ਕਸ਼ਮੀਰ ਦੀ ਅਦਭੁਤ ਤੇ ਲਾਸਾਨੀ

ਸੁੰਦਰਤਾ ਨੂੰ ਬਿਆਨ ਕਰਦੇ ਹਨ। ਭਾਈ ਸਾਹਿਬ ਦੱਸਦੇ ਹਨ ਕਿ ਕਸ਼ਮੀਰ ਜਿਹੀ ਸੁੰਦਰ ਧਰਤੀ ਨੂੰ ਅਰਸ਼ੀ ਸੁੰਦਰਤਾ ਦੀ ਛੋਹ ਪ੍ਰਾਪਤ ਹੈ।

**ਵਿਆਖਿਆ :-** ਭਾਈ ਸਾਹਿਬ ਲਿਖਦੇ ਹਨ ਕਿ ਕਸ਼ਮੀਰ ਭਾਵੇਂ ਧਰਤੀ ਦਾ ਇੱਕ ਟੁਕੜਾ ਹੀ ਹੈ, ਪਰ ਆਪਣੀ ਅਦੁੱਤੀ ਹੁਸਨ ਕਰਕੇ ਇਸ ਨੂੰ ਅਸਮਾਨੀ ਛੋਹ ਲੱਗੀ ਪ੍ਰਤੀਤ ਹੁੰਦੀ ਹੈ। ਇਸ ਵਿੱਚ ਅਰਸ਼ਾਂ ਦੀ ਸੁੰਦਰਤਾ ਲਿਸ਼ਕਦੀ ਹੈ। ਅਦਭੁੱਤ ਰਸ ਤੇ ਸਵਾਦ ਨਾਲ ਭਰੇ ਇਸ ਧਰਤੀ ਦੇ ਨਜ਼ਾਰਿਆਂ ਵਿੱਚੋਂ ਕਿਸੇ ਅਸਮਾਨੀ ਰਹੱਸ ਦਾ ਅਨੁਭਵ ਪ੍ਰਾਪਤ ਹੁੰਦਾ ਹੈ ਭਾਵ ਕਸ਼ਮੀਰ ਦੀ ਸੁੰਦਰਤਾ, ਅਦਭੁਤ, ਵਿਸਮਾਦਮਈ ਅਤੇ ਰੱਬੀ ਹੈ।

## 4. ਬ੍ਰਿਛ



**ਧਰਤੀ ਦੇ ਹੇ ............. ਤੁਸੀਂ ਹੋ ਲੜਦੇ ?**

**ਪ੍ਰਸੰਗ :-** ਇਹ ਕਾਵਿ ਟੋਟਾ 'ਸਾਹਿਤ ਮਾਲਾ' ਪਾਠ ਪੁਸਤਕ ਵਿੱਚ ਦਰਜ ਭਾਈ ਵੀਰ ਸਿੰਘ ਦੀ ਰਚਨਾ 'ਬ੍ਰਿਛ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵੀ ਨੇ ਬ੍ਰਿਛ ਦੇ ਚਿੰਨ੍ਹ ਰਾਹੀਂ ਦੁਨੀਆਂ ਉੱਪਰ ਬੋਝ ਨਾ ਬਣਨ ਵਾਲੇ ਪਰ ਇੱਥੋਂ ਦੇ ਤੰਗ-ਦਿਲ ਲੋਕਾਂ ਦੇ ਧੱਕੇ ਦਾ ਸ਼ਿਕਾਰ ਜਗਿਆਸੂ ਦੀ ਅਵਸਥਾ ਨੂੰ ਬਿਆਨ ਕੀਤਾ ਹੈ।

ਵਿਆਖਿਆ :- ਬ੍ਰਿਛ ਦੁਨੀਆਂ ਦੇ ਲੋਕਾਂ ਨੂੰ 'ਤੰਗ ਦਿਲ' ਆਖ ਕੇ ਸੰਬੋਧਨ ਕਰਦਿਆਂ ਕਹਿੰਦਾ ਹੈ ਕਿ ਉਹ ਉਨ੍ਹਾਂ (ਬ੍ਰਿਛਾਂ) ਨਾਲ ਕਿਉਂ ਲੜਦੇ ਹਨ। ਉਹ ਧਰਤੀ ਉੱਪਰ ਉਨ੍ਹਾਂ ਵਾਂਗ ਚੌੜੇ ਦਾਉ ਵੱਧ ਕੇ ਆਪਣਾ ਪਸਾਰ ਨਹੀਂ ਵਧਾਉਂਦੇ, ਸਗੋਂ ਸਿੱਧੇ ਉੱਪਰ ਨੂੰ ਵਧਦੇ ਜਾਂਦੇ ਹਨ। ਉਨ੍ਹਾਂ ਦਾ ਘੇਰਾ ਅਤੇ ਫੈਲਾਓ ਧਰਤੀ ਉੱਪਰ ਨਹੀਂ ਪਸਰਦਾ, ਸਗੋਂ ਅਸਮਾਨਾਂ ਵਿੱਚ ਪਸਰਦਾ ਹੈ। ਉਨ੍ਹਾਂ ਨੇ ਧਰਤੀ ਉੱਤੋਂ ਤਾਂ ਕੇਵਲ ਇੱਕ ਗਿੱਠ ਥਾਂ ਹੀ ਲਈ ਹੈ, ਪਰ ਉਹ ਉਨ੍ਹਾਂ ਨਾਲ ਫਿਰ ਵੀ ਲੜਦੇ ਹਨ। ਬ੍ਰਿਛ ਦੇ ਇਸ ਚਿੰਨ੍ਹ ਰਾਹੀਂ ਭਾਈ ਸਾਹਿਬ ਰੱਬ ਦੇ ਇੱਕ ਪ੍ਰੇਮੀ ਦੀ ਅਵਸਥਾ ਨੂੰ ਪੇਸ਼ ਕਰਦੇ ਹਨ, ਜੋ ਕਿ ਧਰਤੀ ਦੇ ਪਦਾਰਥਾਂ ਵਿੱਚ ਆਪਣਾ ਪਸਾਰ ਨਹੀਂ ਕਰਦਾ, ਸਗੋਂ ਆਪਣੀ ਸੁਰਤੀ ਨੂੰ ਰੱਬ ਵੱਲ ਲਾਉਂਦਾ ਹੈ, ਪਰ ਦੁਨੀਆਂ ਦੇ ਲੋਕ ਤਾਂ ਵੀ ਉਸ ਨਾਲ ਬੁਰਾ ਸਲੂਕ ਕਰਦੇ ਹਨ।

## ਕੇਂਦਰੀ ਭਾਵ ਕਵਿਤਾ ਸਮਾਂ

ਸਮਾਂ ਕਵਿਤਾ ਭਾਈ ਵੀਰ ਸਿੰਘ ਦੀ ਰਚਨਾ ਹੈ। ਇਸ ਕਵਿਤਾ ਵਿੱਚ ਭਾਈ ਸਾਹਿਬ ਦੱਸਦੇ ਹਨ ਕਿ ਸਮਾਂ ਸਦਾ ਚਲਾਇਮਾਨ ਹੈ। ਮਨੁੱਖ ਇਸ ਨੂੰ ਕਿਸੇ ਹੀਲੇ ਨਾਲ ਵੀ ਰੋਕ ਨਹੀਂ ਸਕਦਾ। ਇਸ ਕਰਕੇ ਇਸ ਨੂੰ ਨਾਮ ਸਿਮਰਨ ਤੇ ਨੇਕ ਕੰਮਾਂ ਵਿੱਚ ਲਾ ਕੇ ਸਫਲ ਕਰਨਾ ਚਾਹੀਦਾ ਹੈ ।

## ਕੇਂਦਰੀ ਭਾਵ ਕਵਿਤਾ ਬਿਨਫਸ਼ਾ ਦਾ ਫੁੱਲ

ਬਿਨਫਸ਼ਾ ਦਾ ਫੁੱਲ ਭਾਈ ਵੀਰ ਸਿੰਘ ਦੀ ਰਚਨਾ ਹੈ। ਇਸ ਕਵਿਤਾ ਵਿੱਚ ਭਾਈ ਸਾਹਿਬ ਦੱਸਦੇ ਹਨ ਕਿ ਪ੍ਰਭੂ ਪ੍ਰੇਮ ਵਿਚ ਰੰਗਿਆ ਸਾਧਕ ਦੁਨੀਆਂ ਵਿੱਚ ਆਪਣੀ ਹੋਂਦ ਦਾ ਪ੍ਰਗਟਾਵਾ ਨਹੀਂ ਕਰਨਾ ਚਾਹੁੰਦਾ, ਪਰ ਉਸ ਦੇ ਆਪਣੇ ਗੁਣਾਂ ਦੀ ਸੁਗੰਧ ਆਲੇ-ਦੁਆਲੇ ਵਿੱਚ ਇੰਨੀ ਫੈਲਦੀ ਹੈ ਕਿ ਉਸ ਦੀ ਇਹ ਇੱਛਾ ਪੂਰੀ ਨਹੀਂ ਹੁੰਦੀ।

## ਕੇਂਦਰੀ ਭਾਵ ਕਵਿਤਾ ਟੁਕੜੀ ਜਗ ਤੋਂ ਨਯਾਰੀ

ਟੁਕੜੀ ਜਗ ਤੋਂ ਨਯਾਰੀ ਭਾਈ ਵੀਰ ਸਿੰਘ ਦੀ ਰਚਨਾ ਹੈ। ਇਸ ਕਵਿਤਾ ਵਿੱਚ ਭਾਈ ਸਾਹਿਬ ਦੱਸਦੇ ਹਨ ਕਿ ਕਸ਼ਮੀਰ ਦੀ ਅਦਭੁਤ ਨਜ਼ਾਰਿਆਂ ਨਾਲ ਭਰੀ ਧਰਤੀ ਦਾ ਨਿਰਮਾਣ ਕੁਦਰਤੀ ਦੇਵੀ ਨੇ ਆਪ ਕੀਤਾ ਹੈ ਤੇ ਇਸ ਧਰਤੀ ਨੂੰ ਕੋਈ ਅਸਮਾਨੀ ਛੋਹ ਪ੍ਰਾਪਤ ਹੈ।

## ਕੇਂਦਰੀ ਭਾਵ ਕਵਿਤਾ ਬ੍ਰਿਛ

ਬ੍ਰਿਛ ਕਵਿਤਾ ਭਾਈ ਵੀਰ ਸਿੰਘ ਦੀ ਰਚਨਾ ਹੈ। ਇਸ ਕਵਿਤਾ ਵਿੱਚ ਭਾਈ ਸਾਹਿਬ ਦੱਸਦੇ ਹਨ ਕਿ ਜਗਿਆਸੂ ਦੁਨੀਆਂ ਉੱਪਰ ਕੋਈ ਬੋਝ ਨਹੀਂ ਬਣਦਾ ਪਰ ਇੱਥੋਂ ਦੇ ਤੰਗ ਦਿਲ ਲੋਕ ਫਿਰ ਵੀ ਉਸ ਨਾਲ ਧੱਕਾ ਕਰਨੋਂ ਨਹੀਂ ਹਟਦੇ।

## ਵਸਤੂ ਨਿਸ਼ਠ ਉੱਤਰ ਵਾਲੇ ਪ੍ਰਸ਼ਨ

1. ਸਮਾਂ / ਬਿਨਫਸ਼ਾ ਦਾ ਫੁੱਲ / ਟੁੱਕੜੀ ਜੱਗ ਤੋਂ ਨਯਾਰੀ / ਬ੍ਰਿਛ ਕਵਿਤਾ ਕਿਸ ਦੀ ਲਿਖੀ ਹੋਈ ਹੈ ?
   ਭਾਈ ਵੀਰ ਸਿੰਘ
2. ਸਮਾਂ ਕਵਿਤਾ ਵਿੱਚ ਕਿਸ ਦੀ ਸੰਭਾਲ ਕਰਨ ਲਈ ਕਿਹਾ ਗਿਆ ਹੈ ?
   ਸਮੇਂ ਦੀ
3. ਬਿਨਫਸ਼ਾ ਦਾ ਫੁੱਲ ਕਿੱਥੇ ਲੁਕਿਆ ਹੈ ?
   ਪਰਬਤ ਵਿੱਚ ਨੀਵੇਂ ਥਾਂ
4. ਕੁਦਰਤ ਦੇਵੀ ਕਿੱਥੇ ਖੇਡ ਰਹੀ ਸੀ ?
   ਹੁਸਨ-ਮੰਡਲ ਵਿੱਚ
5. ਬ੍ਰਿਛ ਅਨੁਸਾਰ ਧਰਤੀ ਦੇ ਲੋਕਾਂ ਦਾ ਦਿਲ ਕਿਹੋ ਜਿਹਾ ਹੈ ?
   ਤੰਗ